# ਕੀ ਸਿੱਖ ਧਰਮ ਵਿਚ ਵਾਹਿਗੁਰੂ, ਅਕਾਲ ਪੁਰਖੁ ਦੇ ਨਾਂਵ ਲਈ ਵਰਤ ਸਕਦੇ ਹਾਂ?

ਸਿੱਖ ਧਰਮ ਅਨੁਸਾਰ **ਅਕਾਲ ਪੁਰਖੁ** ਇਕ ਹੈ। **ਅਕਾਲ ਪੁਰਖੁ** ਦੀ ਪ੍ਰੀਭਾਸ਼ਾ ਗੁਰੂ ਗਰੰਥ ਸਾਹਿਬ ਦੇ ਸ਼ੁਰੂ ਵਿਚ ਹੀ ਦੇ ਦਿਤੀ ਗਈ ਹੈ।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (੧)*

ਵੱਖ ਵੱਖ ਧਰਮਾਂ ਜਾਂ ਮਜ਼ਬਾ ਵਿਚ **ਅਕਾਲ ਪੁਰਖੁ** ਨੂੰ ਵੱਖ ਵੱਖ ਨਾਂਵਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਇਸਾਈ **ਅਕਾਲ ਪੁਰਖੁ** ਨੂੰ **ਗੌਡ** ਨਾਲ ਸੰਬੋਧਨ ਕਰਦੇ ਹਨ। ਮੁਸਲਮਾਨ **ਅੱਲ੍ਹਾ** ਕਹਿੰਦੇ ਹਨ। ਹਿੰਦੂ ਮਤ ਅਨੁਸਾਰ ਕਈ ਨਾਂਵ ਵਰਤੇ ਜਾਂਦੇ ਹਨ। ਜਿਸ ਤਰ੍ਹਾਂ ਕਿ ਰਾਮ, ਕ੍ਰਿਸ਼ਨ, ਬ੍ਰਹਮਾਂ, ਵਿਸ਼ਨੂੰ, ਮਹੇਸ਼, ਆਦਿ। ਭਾਵੇ ਗੁਰਬਾਣੀ ਵਿਚ **ਅਕਾਲ ਪੁਰਖੁ** ਲਈ ਉਸ ਸਮੇਂ ਦੇ ਕਈ ਪ੍ਰਚਲਤ ਨਾਂਵ ਵੀ ਵਰਤੇ ਗਏ ਹਨ। ਪਰੰਤੂ ਇਹ ਸਪੱਸ਼ਟ ਕਰ ਦਿਤਾ ਗਿਆ ਹੈ ਕਿ **ਅਕਾਲ ਪੁਰਖੁ** ਸਿਰਫ ਇਕ ਹੀ ਹੈ। ਸਿੱਖ ਧਰਮ ਵਿਚ ਪ੍ਰਭੂ ਲਈ **ਅਕਾਲ ਪੁਰਖੁ** ਹੀ ਜਿਆਦਾ ਤਰ ਵਰਤਿਆ ਜਾਂਦਾ ਹੈ।

*ਗਉੜੀ ਮਹਲਾ ੫ ॥ ਚਿੰਤਾਮਣਿ ਕਰੁਣਾ ਮਏ ॥੧॥ ਰਹਾਉ ॥ ਦੀਨ ਦਇਆਲਾ ਪਾਰਬ੍ਰਹਮ ॥ ਜਾ ਕੈ ਸਿਮਰਣਿ ਸੁਖ ਭਏ ॥੧॥ ਅਕਾਲ ਪੁਰਖ ਅਗਾਧਿ ਬੋਧ ॥ ਸੁਨਤ ਜਸੋ ਕੋਟਿ ਅਘ ਖਏ ॥੨॥ ਕਿਰਪਾ ਨਿਧਿ ਪ੍ਰਭ ਮਇਆ ਧਾਰਿ ॥ ਨਾਨਕ ਹਰਿ ਹਰਿ ਨਾਮ ਲਏ ॥੩॥੧੩॥੧੫੧॥ (੨੧੨)*

ਗੁਰੂ ਗਰੰਥ ਸਾਹਿਬ ਵਿਚ **ਵਾਹਿਗੁਰੂ** ਸ਼ਬਦ (੧੩ ਵਾਰੀ) ਅਤੇ **ਵਾਹਗੁਰੂ** (੩ ਵਾਰੀ), ਪੰਨਾ ੧੪੦੨, ੧੪੦੩ ਅਤੇ ੧੪੦੪ ਤੇ ਅੰਕਿਤ ਹਨ। ਗੁਰੂ ਗਰੰਥ ਸਾਹਿਬ ਵਿਚ **ੴ ਸਤਿਗੁਰ ਪ੍ਰਸਾਦਿ** (੫੨੪ ਵਾਰੀ) ਅਤੇ **ੴ** (੫੬੮ ਵਾਰੀ) ਅੰਕਿਤ ਹਨ।

ਇਹ ਸਪੱਸ਼ਟ ਹੈ ਕਿ **ਵਾਹਿਗੁਰੂ** ਸ਼ਬਦ ਭੱਟਾਂ ਨੇ ਚੌਥੀ **ਜੋਤਿ ਨਾਨਕ,** (ਗੁਰੂ ਰਾਮਦਾਸ ਜੀ) ਦੇ ਸਬੰਧ ਵਿਚ ਕਹੇ ਹਨ। ਇਸ ਬਾਣੀ ਦਾ ਸਿਰਲੇਖ "**ਸਵਈਏ ਮਹਲੇ ਚਉਥੇ ਕੇ ੪ (੧੩੯੬)**" ਹੀ ਸਪੱਸ਼ਟ ਕਰ ਦਿੰਦਾਂ ਹੈ। ਭੱਟਾਂ ਨੇ **ਵਾਹਿਗੁਰੂ** ਸ਼ਬਦ, **ਨਾਨਕ ਜੋਤਿ** ਦੇ ਸਬੰਧ ਵਿਚ ਕਹੇ ਹਨ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ **ਵਾਹਿਗੁਰੂ** ਸ਼ਬਦ, **ਗੁਰ ਸਬਦ** ਦੇ ਸਬੰਧ ਵਿਚ ਵਰਤੇ ਹਨ। ਜਿਸ ਤਰ੍ਹਾਂ ਕਿ:

*ਵਾਹਿਗੁਰੂ ਗੁਰ ਸ਼ਬਦ ਲੈ ਪਿਰਮ ਪਿਆਲਾ ਚੁਪ ਚਲੋਲਾ॥ (੪-੧੭-੪)*
*ਵਾਹਿਗੁਰੂ ਸਾਲਾਹਣਾ ਗੁਰ ਸ਼ਬਦ ਅਲਾਏ ॥੧੩॥ (੯-੧੩-੬)*

ਸ਼ਬਦ ਨੂੰ ਅਧੂਰਾ ਪੜ੍ਹ ਕੇ ਨਿਰਨਾ ਕਰਨਾ ਅਕਸਰ ਗਲਤ ਹੋ ਜਾਂਦਾ ਹੈ। ਉਦਾਹਰਨ ਦੇ ਤੌਰ ਤੇ, ਕਈ ਲੋਕਾਂ ਵਿਚ, ਭਾਈ ਗੁਰਦਾਸ ਜੀ ਦੀ ਹੇਠ ਲਿਖੀ ਵਾਰ ਬਾਰੇ ਬਹੁਤ ਭੁਲੇਖਾ ਹੈ।

*ਗੁਰ ਸਿਖਹੁ ਗੁਰ ਸਿਖ ਹੈ ਪੀਰ ਪੀਰਹੁੰ ਕੋਈ॥ ਸ਼ਬਦ ਸੁਰਤ ਚੇਲਾ ਗੁਰੂ ਪਰਮੇਸ਼ਰ ਸੋਈ॥ ਦਰਸ਼ਨ ਦ੍ਰਿਸ਼ਟਿ ਧਿਆਨ ਧਰ ਗੁਰੁ ਮੂਰਤਿ ਹੋਈ॥ ਸ਼ਬਦ ਸੁਰਤਿ ਕਰ ਕੀਰਤਨ ਸਤਸੰਗ ਵਿਲੋਈ॥ ਵਾਹਿਗੁਰੂ ਗੁਰੂ ਮੰਤ੍ਰ ਹੈ ਜਪ ਹਉਮੈਂ ਖੋਈ॥ ਆਪ ਗਵਾਏ ਆਪ ਹੈ ਗੁਣ ਗੁਣੀ ਪਰੋਈ ॥੨॥ (੧੩-੨-੬)*

ਕਈ ਪਰਚਾਰਕ ਇਸ ਸ਼ਬਦ ਦੀ ਹੇਠ ਲਿਖੀ ਮੰਤ੍ਰ ਵਾਲੀ ਲਾਈਨ ਤਾਂ ਬਾਰ ਬਾਰ ਪੜ੍ਹਦੇ ਹਨ। ਪਰ ਪੂਰਾ ਸ਼ਬਦ ਕਦੇ ਨਹੀਂ ਪੜ੍ਹਦੇ ਹਨ।

*ਵਾਹਿਗੁਰੂ ਗੁਰੂ ਮੰਤ੍ਰ ਹੈ ਜਪ ਹਉਮੈਂ ਖੋਈ॥*

ਉਹ ਆਮ ਲੋਕਾਂ ਦੇ ਮਨ ਵਿਚ ਇਹੀ ਪਾਉਂਦੇ ਹਨ ਕਿ ਬਾਰ ਬਾਰ '**ਵਾਹਿਗੁਰੂ ਵਾਹਿਗੁਰੂ**' ਕਹੀ ਜਾਉ। ਇਹੀ ਮੰਤ੍ਰ ਹੈ, ਜਿਸ ਨਾਲ ਹਉਮੈਂ ਦੂਰ ਹੋ ਜਾਂਦੀ ਹੈ ਤੇ ਸੱਭ ਕੁਝ ਪਾਇਆ ਜਾ ਸਕਦਾ ਹੈ। ਜੇ ਕਰ ਸਿਰਫ ਇਕ ਸ਼ਬਦ (ਵਾਹਿਗੁਰੂ) ਕਹੀ ਜਾਣ ਨਾਲ ਜੀਵਨ ਦੇ ਸਾਰੇ ਦੁਖ ਦੂਰ ਕੀਤੇ ਜਾ ਸਕਦੇ ਹਨ। ਤਾਂ ਫਿਰ ਗੁਰੂ ਸਾਹਿਬਾਂ ਨੂੰ ਗੁਰੂ ਗਰੰਥ ਸਾਹਿਬ ਦੇ ੧੪੩੦ ਪੰਨੇ ਲਿੱਖਣ ਦੀ ਕੀ ਲੋੜ ਸੀ? ਉਹ ਸਿਰਫ ਇਕੱਲਾ 'ਵਾਹਿਗੁਰੂ ਵਾਹਿਗੁਰੂ' ਹੀ ਲਿੱਖ ਦਿੰਦੇ। ਪਰੰਤੂ ਗੁਰੂ ਸਾਹਿਬਾਂ ਨੇ ਇਸ ਤਰ੍ਹਾਂ ਬਿਲਕੁਲ ਨਹੀਂ ਕੀਤਾ। ਇਸ ਲਈ ਇਕ ਸ਼ਬਦੀ ਦੀ ਰਿਵਾਇਤ ਗੁਰਮਤਿ ਵਿਚ ਪ੍ਰਵਾਨ ਨਹੀਂ ਹੈ। ੪

*ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ ॥ ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥੨॥ (੬੫੪-੬੫੫)*

ਭਾਈ ਗੁਰਦਾਸ ਜੀ ਨੇ ਜੇ ਕਰ ਵਾਹਿਗੁਰੂ ਨੂੰ ਗੁਰੂ ਮੰਤ੍ਰ ਕਿਹਾ ਹੈ, ਤਾਂ ਨਾਲ ਹੀ, ਇਹ ਵੀ ਸਪੱਸ਼ਟ ਕਰ ਦਿਤਾ ਹੈ ਕਿ ਵਾਹਿਗੁਰੂ ਤੋਂ ਭਾਵ, ਗੁਰ ਸ਼ਬਦ ਹੈ। ਇਸ ਦਾ ਪ੍ਰਮਾਣ ਆਪ ਜੀ ਦੀਆਂ ਉੱਪਰ ਲਿਖੀਆਂ ਵਾਰਾਂ ਅਤੇ ਹੋਰ ਬਹੁਤ ਸਾਰੀਆਂ ਵਾਰਾਂ ਵਿਚ ਸਪੱਸ਼ਟ ਹੋ ਜਾਂਦਾ ਹੈ।

ਇਸ ਵਾਰ ਦੀਆਂ ਪਹਿਲੀਆਂ ਪੰਗਤੀਆਂ ਦਾ ਸਬੰਧ ਹੇਠ ਲਿਖੇ ਸ਼ਬਦ ਨਾਲ ਹੈ। ਜਿਸ ਵਿਚ ਗੁਰ ਨਾਨਕ ਸਾਹਿਬ ਨੇ ਸਪੱਸ਼ਟ ਕਰ ਦਿਤਾ ਕਿ ਸਿੱਖ ਧਰਮ ਅਨੁਸਾਰ ਨਾ ਤਾਂ ਗੁਰੂ ਸਰੀਰ ਹੋ ਸਕਦਾ ਹੈ ਅਤੇ ਨਾ ਹੀ ਚੇਲਾ ਸਰੀਰ ਹੋ ਸਕਦਾ ਹੈ।

*ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (੯੪੩)*

ਭਾਈ ਗੁਰਦਾਸ ਜੀ ਦੀ ਇਸ ਵਾਰ ਦੀ ਅੰਤਲੀ ਤੁਕ ਦਾ ਸਬੰਧ ਹੇਠ ਲਿਖੇ ਸ਼ਬਦ ਨਾਲ ਹੈ।

*ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥ (੨੮੬)*

ਜਿਨੀਂ ਦੇਰ ਤੱਕ ਆਪਣਾ ਆਪ ਗੁਰੂ ਅੱਗੇ ਅਰਪਨ ਨਾ ਕੀਤਾ ਜਾਵੇ, ਉਤਨੀਂ ਦੇਰ ਤੱਕ ਹਉਮੈਂ ਦੂਰ ਨਹੀਂ ਹੋ ਸਕਦਾ ਹੈ। ਜਦੋਂ ਤੱਕ ਹਉਮੈਂ ਦੂਰ ਨਹੀਂ ਹੁੰਦਾਂ ਹੈ ਉਤਨੀਂ ਦੇਰ ਤੱਕ ਅੰਦਰ ਸ਼ੁਭ ਗੁਣ ਪੈਦਾ ਨਹੀਂ ਹੋ ਸਕਦੇ ਹਨ। ਇਹ ਸੱਭ ਕੁਝ **ਗੁਰ ਸਬਦ** ਨੂੰ ਹਿਰਦੇ ਅੰਦਰ ਵਸਾਉਣ ਤੋਂ ਬਿਨਾਂ ਸੰਭਵ ਨਹੀਂ ਹੈ।

ਭਾਈ ਗੁਰਦਾਸ ਜੀ ਨੇ ਤਾਂ ਉਨ੍ਹਾਂ ਉਪਰ ਲਾਹਨਤ ਪਾਈ ਹੈ। ਜੋ **ਗੁਰ ਸ਼ਬਦ** ਦੇ ਬਿਨਾ, ਕੋਈ ਹੋਰ ਮੰਤ੍ਰ ਜਪਦੇ ਹਨ। **ਉਹ ਜੀਭ ਧ੍ਰਿਗ ਹੈ ਜੋ ਗੁਰ ਸਬਦ ਦੀ ਬਾਣੀ ਨੂੰ ਛੱਡ ਕੇ ਹੋਰ ਮੰਤ੍ਰ ਨੂੰ ਸਿਮਰਦੀ ਰਹਿੰਦੀ ਹੈ। ਧ੍ਰਿਗ ਹੈ ਹੱਥਾਂ ਅਤੇ ਪੈਰਾਂ ਨੂੰ ਜੋ ਗੁਰੂ ਦੀ ਸੇਵਾ ਛੱਡ ਕੇ ਹੋਰ ਝੂਠੀਆਂ, ਅਫ਼ਲ, ਸੇਵਾ ਕਰਦੇ ਰਹਿੰਦੇ ਹਨ।**

*ਧ੍ਰਿਗ ਸਿਰੁ ਜੋ ਗੁਰ ਨ ਨਿਵੈ ਗੁਰ ਲਗੈ ਨ ਚਰਨੀ॥ ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ॥ ਧ੍ਰਿਗ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ॥ ਧ੍ਰਿਗ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ॥ ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ॥ ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ ॥੧੦॥ (੨੭-੧੦-੬)*

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਹੀ ਕਿਹਾ ਹੈ ਕਿ ਸਿੱਖ ਧਰਮ ਵਿਚ **ਵਾਹਿਗੁਰੂ**, **ਗੁਰ ਸਬਦ** ਹੀ ਹੈ।

ਇਸ ਤੋਂ ਇਲਾਵਾ ਹੇਠ ਲਿਖੇ ਸ਼ਬਦ ਸਪੱਸ਼ਟ ਕਰ ਦਿੰਦੇ ਹਨ, ਕਿ **ਗੁਰੂ ਅਤੇ** ਅਕਾਲ ਪੁਰਖੁ ਵਿਚ ਕੋਈ ਭੇਦ ਨਹੀਂ ਹੈ। ਗੁਰੂ ਅਤੇ ਅਕਾਲ ਪੁਰਖ ਨੂੰ ਇੱਕ ਰੂਪ ਸਮਝੋ। ਜੋ ਕੁਝ ਅਕਾਲ ਪੁਰਖ ਨੂੰ ਚੰਗਾ ਲੱਗਦਾ ਹੈ, ਉਹੀ ਗੁਰੂ ਵੀ ਸਿਰ-ਮੱਥੇ ਕਬੂਲ ਕਰਦਾ ਹੈ।

*ਗੋਂਡ ਮਹਲਾ ੫ ॥ ਗੁਰੁ ਗੁਰੁ ਗੁਰੁ ਕਰਿ ਮਨ ਮੋਰ ॥ ਗੁਰੂ ਬਿਨਾ ਮੈ ਨਾਹੀ ਹੋਰ ॥ ਗੁਰ ਕੀ ਟੇਕ ਰਹਹੁ ਦਿਨੁ ਰਾਤਿ ॥ ਜਾ ਕੀ ਕੋਇ ਨ ਮੇਟੈ ਦਾਤਿ ॥੧॥ ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥੧॥ ਰਹਾਉ ॥ ਗੁਰ ਚਰਣੀ ਜਾ ਕਾ ਮਨੁ ਲਾਗੈ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥ ਗੁਰ ਕੀ ਸੇਵਾ ਪਾਏ ਮਾਨੁ ॥ ਗੁਰ ਊਪਰਿ ਸਦਾ ਕੁਰਬਾਨੁ ॥੨॥ ਗੁਰ ਕਾ ਦਰਸਨੁ ਦੇਖਿ ਨਿਹਾਲ ॥ ਗੁਰ ਕੇ ਸੇਵਕ ਕੀ ਪੂਰਨ ਘਾਲ ॥ ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ ॥ ਗੁਰ ਕਾ ਸੇਵਕੁ ਦਹ ਦਿਸਿ ਜਾਪੈ ॥੩॥ ਗੁਰ ਕੀ ਮਹਿਮਾ ਕਥਨੁ ਨ ਜਾਇ ॥ ਪਾਰਬ੍ਰਹਮੁ ਗੁਰੁ ਰਹਿਆ ਸਮਾਇ ॥ ਕਹੁ ਨਾਨਕ ਜਾ ਕੇ ਪੂਰੇ ਭਾਗ ॥ ਗੁਰ ਚਰਣੀ ਤਾ ਕਾ ਮਨੁ ਲਾਗ ॥੪॥੬॥੮॥ (੮੬੪)*

ਗੁਰੂ ਅਕਾਲ ਪੁਰਖ ਦਾ ਰੂਪ ਹੈ, ਗੁਰੂ ਗੋਬਿੰਦ ਦਾ ਰੂਪ ਹੈ। ਗੁਰੂ ਦਾਤਾਰ ਅਕਾਲ ਪੁਰਖ ਦਾ ਰੂਪ ਹੈ, ਗੁਰੂ ਦਇਆ ਦੇ ਸੋਮੇ ਬਖ਼ਸ਼ਣਹਾਰ ਅਕਾਲ ਪੁਰਖ ਦਾ ਰੂਪ ਹੈ। ਜਿਸ ਮਨੁੱਖ ਦਾ ਮਨ ਗੁਰੂ ਦੇ ਚਰਨਾਂ ਵਿਚ ਟਿਕ ਜਾਂਦਾ ਹੈ, ਉਸ ਦਾਸ ਦੇ ਪੂਰੇ ਭਾਗ ਜਾਗ ਪੈਂਦੇ ਹਨ।

*ਗੁਰੁ ਪਰਮੇਸਰੁ ਗੁਰੁ ਗੋਵਿੰਦੁ ॥ ਗੁਰੁ ਦਾਤਾ ਦਇਆਲ ਬਖਸਿੰਦੁ ॥ ਗੁਰ ਚਰਨੀ ਜਾ ਕਾ ਮਨੁ ਲਾਗਾ ॥ ਨਾਨਕ ਦਾਸ ਤਿਸੁ ਪੂਰਨ ਭਾਗਾ ॥੪॥੩੬॥੪੭॥ (੮੯੭)*

ਗੁਰੂ ਵਰਗਾ ਹੋਰ ਕੋਈ ਦੇਵਤਾ ਨਹੀਂ ਹੈ। ਜਿਸ ਮਨੁੱਖ ਦੇ ਮੱਥੇ ਉਤੇ ਚੰਗੀ ਕਿਸਮਤ ਜਾਗ ਪਏ ਉਹ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ। ਸਿੰਮ੍ਰਿਤੀਆਂ ਵੇਦ ਆਦਿਕ ਧਰਮ-ਪੁਸਤਕ ਖੋਜ ਵੇਖੇ ਹਨ। ਗੁਰੂ ਸਭ ਤੋਂ ਉੱਚਾ ਹੈ। ਗੁਰੂ ਅਤੇ ਅਕਾਲ ਪੁਰਖ ਵਿਚ ਕੋਈ ਭੀ ਫ਼ਰਕ ਨਹੀਂ ਹੈ।

*ਭੈਰਉ ਮਹਲਾ ੫ ॥ ਸਤਿਗੁਰੁ ਮੇਰਾ ਬੇਮੁਹਤਾਜੁ ॥ ਸਤਿਗੁਰ ਮੇਰੇ ਸਚਾ ਸਾਜੁ ॥ ਸਤਿਗੁਰੁ ਮੇਰਾ ਸਭਸ ਕਾ ਦਾਤਾ ॥ ਸਤਿਗੁਰੁ ਮੇਰਾ ਪੁਰਖੁ ਬਿਧਾਤਾ ॥੧॥ ਗੁਰ ਜੈਸਾ ਨਾਹੀ ਕੋ ਦੇਵ ॥ ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥੧॥ ਰਹਾਉ ॥ ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ ਮਾਰਿ ਜੀਵਾਲੈ ॥ ਸਤਿਗੁਰ ਮੇਰੇ ਕੀ ਵਡਿਆਈ ॥ ਪ੍ਰਗਟੁ ਭਈ ਹੈ ਸਭਨੀ ਥਾਈ ॥੨॥ ਸਤਿਗੁਰੁ ਮੇਰਾ ਤਾਣੁ ਨਿਤਾਣੁ ॥ ਸਤਿਗੁਰੁ ਮੇਰਾ ਘਰਿ ਦੀਬਾਣੁ ॥ ਸਤਿਗੁਰ ਕੈ ਹਉ ਸਦ ਬਲਿ ਜਾਇਆ ॥ ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥੩॥ ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ ॥ ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ ॥ ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥੪॥੧੧॥੨੪॥ (੧੧੪੨)*

ਜੇ ਕਰ ਉਪਰ ਲਿਖੇ ਸ਼ਬਦਾਂ ਦੀਆਂ ਸਿਖਿਆਵਾਂ ਨੂੰ ਇਕੱਠਾ ਕੀਤਾ ਜਾਵੇ ਤਾਂ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ।

***ਵਾਹਿਗੁਰੁ = ਨਾਨਕ ਜੋਤਿ = ਗੁਰ ਸਬਦ = ਗੁਰੁ = ਪਾਰਬ੍ਰਹਮ, ਪਰਮੇਸਰੁ***

ਭਾਵੇਂ **ਵਾਹਿਗੁਰੁ** ਸ਼ਬਦ ਸਿਧੇ ਤੌਰ ਤੇ **ਅਕਾਲ ਪੁਰਖੁ** ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਨਹੀਂ ਹੈ। ਪਰੰਤੂ ਉੱਪਰਲੇ ਪ੍ਰਮਾਣ ਇਹ ਸਪੱਸ਼ਟ ਕਰਦੇ ਹਨ ਕਿ **ਵਾਹਿਗੁਰੂ, ਅਕਾਲ ਪੁਰਖੁ** ਦੇ ਨਾਂ ਬਾਰੇ ਵਰਤਿਆ ਜਾ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਦੇ ਸਿਰਲੇਖਾਂ ਵਿਚ "**੧ੴ ਵਾਹਿਗੁਰੂ ਜੀ ਕੀ ਫ਼ਤਹਿ**" ਵਰਤਿਆ ਹੈ।

ਅੱਜ ਕੱਲ ਦੇ ਭੇਖੀ ਸੰਤਾਂ ਨੇ ਇਹ ਬਹੁਤ ਵੱਡਾ ਭੁਲੇਖਾ ਪਾਇਆ ਹੋਇਆ ਹੈ, ਕਿ ਬਾਰ ਬਾਰ '**ਵਾਹਿਗੁਰੂ ਵਾਹਿਗੁਰੂ**' ਕਹੀ ਜਾਣ ਨਾਲ ਅਕਾਲ ਪੁਰਖ ਨੂੰ ਪਾਇਆ ਜਾ ਸਕਦਾ ਹੈ। ਹੋ ਸਕਦਾ ਹੈ ਕਿ ਗੁਰੂ ਸਾਹਿਬਾਂ ਨੇ ਇਸੇ ਲਈ, ਵਾਹਿਗੁਰੂ ਸ਼ਬਦ ਗੁਰੂ ਗਰੰਥ ਸਾਹਿਬ ਵਿਚ ਸਿਧੇ ਤੌਰ ਤੇ, ਅਕਾਲ ਪੁਰਖ ਦੇ ਨਾਂਵ ਲਈ ਨਹੀਂ ਵਰਤਿਆ ਹੈ। ਗੁਰੂ ਸਾਹਿਬਾਂ ਨੇ ਆਪਣੀ ਦੂਰ ਅੰਦੇਸ਼ੀ ਵਰਤੀ ਹੈ, ਕਿ ਭਵਿੱਖ ਵਿਚ ਕੋਈ ਇਸ ਸ਼ਬਦ ਦੀ ਗਲਤ ਵਰਤੋਂ ਕਰਕੇ ਸਿੱਖਾਂ ਨੂੰ ਗੁਮਰਾਹ ਨਾ ਕਰ ਸਕੇ। ਕਿਸੇ ਸ਼ਬਦ ਨੂੰ ਬਾਰ ਬਾਰ ਕਹੀ ਜਾਣਾ (**ਇਕ ਸ਼ਬਦੀ**) ਜੋਗ ਮਤ ਹੈ, ਗੁਰਮਤਿ ਨਹੀਂ। ਹੇਠ ਲਿਖਿਆ ਸ਼ਬਦ ਇਸ ਦਾ ਪ੍ਰਮਾਣ ਹੈ।

*ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥੨॥ (੬੫੪)*

ਇਸ ਲਈ ਵਾਹਿਗੁਰੂ ਸ਼ਬਦ **ਅਕਾਲ ਪੁਰਖੁ** ਦਾ ਨਾਂਵ ਤਾਂ ਹੈ, ਪਰ ਨਾਮੁ ਨਹੀਂ। ਸਿਰਫ 'ਵਾਹਿਗੁਰੂ ਵਾਹਿਗੁਰੂ' ਕਹੀ ਜਾਣ ਨਾਲ ਅਕਾਲ ਪੁਰਖੁ ਨੂੰ ਪਾਇਆ ਨਹੀਂ ਜਾ ਸਕਦਾ ਹੈ। ਸਿਰਫ ਗੱਲਾਂ ਬਾਤਾਂ ਨਾਲ ਅਕਾਲ ਪੁਰਖੁ ਨੂੰ ਨਹੀਂ ਪਾਇਆ ਜਾ ਸਕਦਾ ਹੈ। ਅਕਾਲ ਪੁਰਖੁ ਨੂੰ ਪਾਉਣ ਲਈ ਗੁਰੂ ਸ਼ਬਦ ਦੇ ਦੱਸੇ ਹੋਏ ਰਸਤੇ ਤੇ ਚਲਣਾ ਹੀ ਪਵੇਗਾ। ਗੁਰੂ ਉਪਦੇਸ਼ ਨੂੰ ਹਿਰਦੇ ਵਿਚ ਵਸਾਉਂਣਾਂ ਹੀ ਪਵੇਗਾ। ਗੁਰਮਤਿ ਨੂੰ ਜੀਵਨ ਦਾ ਅੰਗ ਬਣਾਉਣਾਂ ਪਵੇਗਾ। ਇਸ ਦਾ ਪ੍ਰਮਾਣ ਭਾਈ ਗੁਰਦਾਸ ਜੀ ਨੇ ਆਪਣੇ ਇਸ ਕਬਿੱਤ ਵਿਚ ਬੜੇ ਸਰਲ ਅਤੇ ਸਪੱਸ਼ਟ ਤਰੀਕੇ ਨਾਲ ਦਿੱਤਾ ਹੈ।

*ਪੂਛਤ ਪਥਕਿ, ਤਿਹ ਮਾਰਗ ਨ ਧਾਰੈ ਪਗਿ॥ ਪ੍ਰੀਤਮ ਕੈ ਦੇਸ, ਕੈਸੇ ਬਾਤਨੁ ਕੇ ਜਾਈਐ ॥ ਪੂਛਤ ਹੈ ਬੈਦ, ਖਾਤ ਅਉਖਦ ਨ ਸੰਜਮ ਸੈ, ਕੈਸੇ ਮਿਟੈ ਰੋਗ, ਸੁਖ ਸਹਜ ਸਮਾਈਐ ॥ ਪੂਛਤ ਸੁਹਾਗਨ, ਕਰਮ ਹੈ ਦੁਹਾਗਨਿ ਕੈ, ਰਿਦੈ ਬਿਬਿਚਾਰ, ਕਤ ਸਿਹਜਾ ਬੁਲਾਈਐ ॥ ਗਾਏ ਸੁਨੇ ਆਂਖੇ ਮੀਚੈ, ਪਾਈਐ ਨ ਪਰਮਪਦੁ॥ ਗੁਰ ਉਪਦੇਸੁ, ਗਹਿ ਜਉ ਲਉ, ਨ ਕਮਾਈਐ ॥੪੩੯॥*

ਇਸ ਲਈ ਜੇ ਕਰ **ਗੁਰ ਸਬਦ (ਗੁਰੂ ਗਰੰਥ ਸਾਹਿਬ)** ਕੋਲੋ ਜੀਵਨ ਦਾ ਮਾਰਗ ਪੁਛਦੇ ਅਤੇ ਸੁਣਦੇ ਹਾਂ ਤਾਂ ਉਸ ਉਪਰ ਚੱਲ ਕੇ ਆਪਣਾ ਜੀਵਨ ਸਫਲ ਕਰੀਏ। ਜੇ ਕਰ ਗੁਰੂ ਗਰੰਥ ਸਾਹਿਬ ਵਿਚ ਦੁਖਾਂ ਦਾ ਇਲਾਜ ਦਿਤਾ ਗਿਆ ਹੈ ਤਾਂ ਨਾਮੁ ਰੂਪੀ ਬਾਣੀ ਰਾਹੀਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਆਪਣੇ ਵੱਸ ਵਿਚ ਕਰਕੇ ਅਨੰਦ ਦੀ ਅਵਸਥਾ ਵੱਲ ਚੱਲੀਏ। ਗੁਰਬਾਣੀ ਸੱਚ ਦਾ ਮਾਰਗ ਦੱਸਦੀ ਹੈ। ਇਸ ਲਈ ਸੱਚ ਤੇ ਅਟੱਲ ਰਹੀਏ। ਇਹੀ ਸਿੱਖੀ ਦਾ ਮਾਰਗ ਹੈ। ਇਸ ਲਈ ਜਿਹੜਾ ਰਸਤਾ ਸਾਨੂੰ **ਗੁਰੂ ਗਰੰਥ ਸਾਹਿਬ** ਦੱਸਦੇ ਹਨ, ਉਸ ਦੇ ਅਨੁਸਾਰ ਚਲਦੇ ਰਹੀਏ।

667 *ਧਨਾਸਰੀ ਮਹਲਾ ੪ ॥ ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ ॥ ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ ॥ ੧ ॥ ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥ ੧ ॥ (੬੬੭)*

ਇਸ ਲਈ ਸਾਰੇ ਵੀਰੋ ਅਤੇ ਭੈਣੋਂ, ਆਓ ਸਾਰੇ ਜਾਣੇ ਗੁਰੂ ਗਰੰਥ ਸਾਹਿਬ ਵਿਚ ਦੱਸੇ ਰਸਤੇ ਤੇ ਚੱਲ ਕੇ ਆਪਣੇ ਜੀਵਨ ਵਿਚ ਖੁਸ਼ਹਾਲੀ ਲਿਆਈਏ। ਗੁਰਬਾਣੀ ਨੂੰ ਪੜ੍ਹੀਐ, ਸੁਣੀਐ, ਸਮਝੀਐ, ਮੰਨੀਐ ਅਤੇ ਆਪਣੇ ਜੀਵਨ ਵਿਚ ਅਮਲੀ ਤੌਰ ਤੇ ਅਪਨਾਅ ਕੇ, ਜੀਵਨ ਦੀ ਮੰਜ਼ਲ ਤੱਕ ਪਹੁੱਚ ਕੇ, ਮਨੁੱਖਤਾਂ ਦਾ ਭਲਾ ਕਰੀਏ।

"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"

( ਡਾ: ਸਰਬਜੀਤ ਸਿੰਘ )
ਆਰ ਐਚ ੧ / ਈ - ੮, ਸੈਕਟਰ - ੮,
ਵਾਸ਼ੀ, ਨਵੀਂ ਮੁੰਬਈ - ੪੦੦੭੦੩.

**(Dr. Sarbjit Singh)**
**RH1 / E-8, Sector-8,**
**Vashi, Navi Mumbai - 400703.**
**Email = sarbjitsingh@yahoo.com**
**http://www.geocities.com/sarbjitsingh/, http://www.gurbani.us**